ਆਤਮਿਕ ਚੱਟਾਨ ਦਾ ਪੱਥਰ ਨੰਬਰ 151

# ਆਪਣੇ ਦਿਨ ਲਈ ਪ੍ਰਮੇਸ਼ੁਰ ਦੇ ਵਾਦਿਆਂ ਦੇ ਪੂਰਾ ਹੋਣ ਨੂੰ ਉਡੀਕਣਾ

**Looking for the Fufillment of the Promises of God for our Day**

ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕੀ ਦੇਖ ਰਹੇ ਹੋ। ਜਦੋਂ ਤੁਸੀਂ ਤੱਕਦੇ ਹੋ ਤਾਂ ਕੀ ਦੇਖਦੇ ਹੋ? ਯਾਦ ਰੱਖੋ, **ਜਦ ਤੁਸੀਂ ਉਸ ਨੂੰ ਵਚਨ ਰਾਹੀਂ ਦੇਖੋ ਕੇਵਲ ਤਾਂ ਹੀ ਤੁਸੀਂ ਉਸ ਨੂੰ ਦੇਖ ਸਕਦੇ ਹੋ**। ਤੁਸੀਂ ਉਸ ਨੂੰ ਕਿਸੇ ਪਾਠ-ਪੁਸਤਕ ਦੁਆਰਾ ਨਹੀਂ ਦੇਖ ਸਕਦੇ ਹੋ। ਤੁਸੀਂ ਇੱਕ ਸਿਧਾਂਤ ਰਾਹੀਂ ਉਸ ਨੂੰ ਨਹੀਂ ਵੇਖ ਸਕਦੇ। ਤੁਸੀਂ ਦੋ ਜਾਂ ਤਿੰਨ ਪ੍ਰਮੇਸ਼ੁਰ ਵੇਖੋਗੇ, ਅਤੇ ਉਹ ਸਭ ਜੋ ਉਹਨਾਂ ਸਿਧਾਂਤਾ ਵਿੱਚ ਹੈ। ਪਰ ਉਸ ਨੂੰ ਵਚਨ ਰਾਹੀਂ ਦੇਖੋ, ਅਤੇ ਤੁਸੀਂ ਵੇਖੋਗੇ ਕਿ ਉਹ ਇਮਾਨੂੰਏਲ ਹੈ-ਪ੍ਰਮੇਸ਼ੁਰ ਸਾਡੇ ਵਿਚਕਾਰ ਦੇਹਧਾਰੀ ਹੋਇਆ। ਉਸਨੇ ਆਖਿਆ, "ਮੈਂ ਪ੍ਰਮੇਸ਼ੁਰ ਹਾਂ, ਅਤੇ ਹੋਰ ਕੋਈ ਦੂਜਾ ਪ੍ਰਮੇਸ਼ੁਰ ਨਹੀਂ ਹੈ।" ਉਹ ਪ੍ਰਮੇਸ਼ੁਰ ਹੈ। [1]

ਯਿਸੂ ਨੇ ਕਿਸੇ ਜਗ੍ਹਾ ਤੇ ਕਿਹਾ, ਕਿ ਵਚਨ ਬੀਜ ਹੈ (ਲੂਕਾ 8:11)। ਅਤੇ ਹਰ ਬੀਜ ਆਪਣੀ ਨਸਲ ਲਿਆਵੇਗਾ (ਉਤਪਤ 1:12)। ਅਤੇ ਹੁਣ, **ਜੇ ਮਸੀਹੀ, ਪ੍ਰਮੇਸ਼ੁਰ ਦੇ ਬੱਚੇ ਹਨ, ਪ੍ਰਮੇਸ਼ੁਰ ਦੇ ਰਾਜ ਦੇ ਬੱਚੇ ਪ੍ਰਮੇਸ਼ੁਰ ਦਾ ਬੀਜ ਬਣ ਗਏ ਹਨ, ਫਿਰ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਪ੍ਰਮੇਸ਼ੁਰ ਦਾ ਵਚਨ ਹੋਣ, ਪ੍ਰਮੇਸ਼ੁਰ ਦਾ ਵਚਨ ਜਿਸ ਯੁੱਗ ਵਿੱਚ ਉਹ ਰਹਿ ਰਹੇ ਹਨ ਪ੍ਰਗਟ ਹੋਇਆ ਹੈ, ਉਸ ਯੁੱਗ ਦੇ ਵਾਅਦਾ ਕੀਤੇ ਹੋਏ ਬੀਜ ਦੇ ਲਈ** (ਮੱਤੀ 13:37-38)। ਪ੍ਰਮੇਸ਼ੁਰ ਨੇ ਆਦਿ ਵਿੱਚ ਆਪਣਾ ਵਚਨ ਦਿੱਤਾ, ਅਤੇ ਹਰ ਯੁੱਗ ਦਾ ਆਪਣਾ ਬੀਜ, ਆਪਣਾ ਸਮਾਂ, ਅਤੇ **ਆਪਣੇ ਵਾਅਦੇ** ਹਨ।

ਹੁਣ, ਜਦੋਂ ਨੂਹ ਦ੍ਰਿਸ਼ ਤੇ ਆਇਆ, ਅਤੇ ਉਹ ਪ੍ਰਮੇਸ਼ੁਰ ਦਾ ਬੀਜ ਸੀ, ਅਤੇ ਉਸ ਯੁੱਗ ਦੇ ਲਈ ਪ੍ਰਮੇਸ਼ੁਰ ਦਾ ਵਚਨ ਸੀ (ਉਤਪਤ 6:9)।

ਜਦੋਂ ਮੂਸਾ ਆਇਆ, ਉਹ ਨੂਹ ਦਾ ਸੰਦੇਸ਼ ਲੈ ਕੇ ਨਹੀਂ ਆ ਸੱਕਦਾ ਸੀ; ਇਹ ਕੰਮ ਨਹੀਂ ਕਰੇਗਾ, ਕਿਉਂਕਿ ਉਹ ਉਸ ਸਮੇਂ ਵਾਸਤੇ ਪ੍ਰਮੇਸ਼ੁਰ ਦਾ ਬੀਜ ਸੀ (ਕੂਚ 3)।

ਫਿਰ ਜਦੋਂ ਮਸੀਹ ਆਇਆ, ਉਹ ਨੂਹ ਜਾਂ ਮੂਸਾ ਦੇ ਯੁੱਗ ਨਾਲ ਨਹੀਂ ਆ ਸਕਦਾ ਸੀ; ਇਹ ਉਸਦਾ ਸਮਾਂ ਸੀ, ਕਿ ਕੁਆਰੀ ਗਰਭਵੰਤੀ ਹੋਵੇ ਅਤੇ ਪੁੱਤਰ ਜਣੇ, ਅਤੇ ਉਹ ਮਸੀਹਾ ਹੋਵੇਗਾ (ਯਸਾਯਾਹ 7:14; ਯਸਾਯਾਹ 11:1-5)। ਹੁਣ, ਅਸੀਂ ਲੂਥਰ ਦੇ ਯੁੱਗ, ਵੈਸਲੀ ਦੇ ਯੁੱਗ (ਮੈਥੋਡਿਸਟ ਯੁੱਗ), ਅਤੇ ਉਸ ਤੋਂ ਅਗਾਂਹ ਦੇ ਸਾਰੇ ਯੁੱਗਾਂ, ਅਤੇ ਪੈਂਟੀਕਾਸਟਲ ਦੇ ਯੁੱਗ ਵਿੱਚੋਂ ਦੀ ਗੁਜ਼ਰੇ ਹਾਂ, ਅਤੇ **ਹਰ ਯੁੱਗ ਨੂੰ ਵਚਨ ਦਾ ਵਾਅਦਾ ਦਿੱਤਾ ਹੋਇਆ ਹੈ। ਅਤੇ ਉਸ ਯੁੱਗ ਦੇ ਲੋਕ ਜਿਹੜੇ ਉਸ ਵੇਲੇ ਦੇ ਵਾਅਦਾ ਕੀਤੇ ਹੋਏ ਵਚਨ ਨੂੰ ਪ੍ਰਗਟ ਕਰਦੇ ਹਨ ਉਹ ਉਸ ਯੁੱਗ ਦਾ ਬੀਜ ਹਨ,** ਯਿਸੂ ਦੇ ਕਹੇ ਦੇ ਅਨੁਸਾਰ, "ਉਹ ਰਾਜ ਦੇ ਪੁੱਤਰ ਹਨ।" ਇਹ ਠੀਕ ਹੈ। ਉਸ ਯੁੱਗ ਦੇ ਰਾਜ ਦੇ ਪੁੱਤਰ ਉਹ ਹਨ ਜਿਨ੍ਹਾਂ ਦੇ ਰਾਹੀਂ ਪਵਿੱਤਰ ਆਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। [2]

ਹੁਣ, ਜੋ ਅਸੀਂ ਅੱਜ ਹਾਂ, ਉਸ ਦੇ ਗੁਣਾਂ ਦਾ ਪ੍ਰਗਟਾਵਾ ਹਾਂ। ਪਹਿਲਾਂ ਤਾਂ ਉਹ ਪ੍ਰਮੇਸ਼ੁਰ ਵੀ ਨਹੀਂ ਸੀ, ਪ੍ਰਮੇਸ਼ੁਰ, ਅਸੀਂ ਉਸ ਨੂੰ **ਇੱਕ ਜੋ ਅਨੰਤ ਹੈ** ਆਖਦੇ ਸੀ। ਉਹ ਪ੍ਰਮੇਸ਼ੁਰ ਨਹੀਂ ਸੀ, ਕਿਉਂਕਿ ਅੰਗਰੇਜ਼ੀ ਦੇ ਸ਼ਬਦ,"GOD ਅਥਵਾ ਪ੍ਰਮੇਸ਼ੁਰ" ਦਾ ਅਰਥ ਹੈ "ਅਰਾਧਨਾ ਦੀ ਵਸਤੂ" ਅਤੇ ਉੱਥੇ ਉਸ ਦੀ ਅਰਾਧਨਾ ਕਰਨ ਵਾਸਤੇ ਕੁਝ ਵੀ ਨਹੀਂ ਸੀ। ਇਸ ਲਈ ਉਹ ਇੱਕ ਅਨਾਦੀ ਸੀ, **ਸਾਰੀ ਬੁੱਧੀ ਦਾ ਮੁੱਖ ਚਸ਼ਮਾਂ** ਸੀ। ਅਤੇ ਸਾਰੀ ਬੁੱਧੀ ਦੇ ਇਸ ਚਸ਼ਮੇ ਵਿਚ ਇੱਕ ਪਰਮਾਣੂ, ਅਣੂ

ਜਾਂ ਕੁਝ ਵੀ ਨਹੀਂ ਸੀ, ਇੱਥੇ ਕਿਤੇ ਵੀ ਰੋਸ਼ਨੀ ਨਹੀਂ, ਤਾਰਾ, ਚੰਦ, ਹੋਰ ਕੁੱਝ ਵੀ ਨਹੀਂ ਸੀ। ਉਹ ਜਿਸਨੂੰ ਅਸੀਂ ਪ੍ਰਮੇਸ਼ੁਰ ਦੇ ਰੂਪ ਵਿਚ ਜਾਣਦੇ ਹਾਂ (ਜਿਸਦੀ ਨਾ ਕੋਈ ਸ਼ੁਰੁਆਤ ਹੈ, ਨਾ ਕੋਈ ਅੰਤ), ਉਹ ਮਹਾਨ ਆਤਮਾ ਜੋ ਅਨੰਤ ਹੈ ਉੱਥੇ ਸੀ। ਅਤੇ **ਉਸ ਵਿਚ ਗੁਣ ਸਨ: ਪ੍ਰਮੇਸ਼ੁਰ ਹੋਣ ਦੇ ਗੁਣ, ਫਿਰ ਇੱਕ ਪਿਤਾ ਹੋਣ ਦੇ ਗੁਣ, ਪੁੱਤਰ ਹੋਣ ਦੇ ਗੁਣ, ਮੁਕਤੀਦਾਤਾ ਹੋਣ ਦੇ ਗੁਣ, ਅਤੇ ਚੰਗਾਈਦਾਤਾ ਹੋਣ ਦੇ ਗੁਣ ਸਨ**। ਇਹ ਸਾਰੇ ਗੁਣ ਉਸ ਵਿੱਚ ਸਨ। ਅਤੇ ਹੁਣ ਇਹ ਚੀਜਾਂ ਜੋ ਉਦੋਂ ਤੋਂ ਪ੍ਰਗਟ ਹੋਈਆਂ ਹਨ, ਇਹ ਕੇਵਲ ਉਸਦੇ ਗੁਣ ਹਨ ਜੋ ਪ੍ਰਗਟ ਕੀਤੇ ਜਾ ਰਹੇ ਹਨ।

**ਮੇਰਾ ਮਤਲਬ ਹੈ ਕਿ, "ਗੁਣ" ਉਸਦੇ ਵਿਚਾਰ ਸਨ। ਅਤੇ ਸ਼ਬਦ "ਵਿਚਾਰ ਦਾ ਵਿਅਕਤ ਕੀਤਾ ਜਾਣਾ" ਹੈ।** ਅਤੇ ਫਿਰ ਉਹ ਉਸਦੇ ਵਿਚਾਰਾਂ ਵਿੱਚ ਸੀ। ਅਤੇ ਜਦ ਉਸਨੇ ਕਿਹਾ ਕਿ, "ਹੋ ਜਾਵੇ" ,"ਅਤੇ ਹੋ ਗਿਆ।" " ਹੋ ਜਾਵੇ", ਅਤੇ ਹੋ ਗਿਆ (ਉਤਪਤ 1:3)। **ਅਤੇ ਹੁਣ, ਚੇਤੇ ਰੱਖੋ, ਇਸ ਤੋਂ ਪਹਿਲਾਂ ਕਿ ਕੋਈ ਦੁਨੀਆਂ ਹੁੰਦੀ ਤੁਸੀਂ ਸਾਰੇ ਮਸੀਹੀ ਉਸਦੇ ਵਿਚਾਰਾਂ ਵਿੱਚ ਸੀ। ਅਤੇ ਤੁਸੀਂ ਉਸ ਦੇ ਵਿਚਾਰਾਂ ਦਾ ਪ੍ਰਗਟਾਵਾ ਹੋ। ਸੰਸਾਰ ਦੇ ਹੋਣ ਤੋਂ ਵੀ ਪਹਿਲਾਂ ਤੁਸੀਂ ਮਸੀਹ ਦੇ ਅੰਦਰ ਸੀ, ਤੁਸੀਂ ਸ਼ੁਰੂ ਵਿੱਚ ਹੀ ਪ੍ਰਮੇਸ਼ੁਰ ਦੇ ਅੰਦਰ ਸੀ।** (ਅਫ਼ਸੀਆਂ 1:3–6; 2 ਤਿਮੋਥਿਉਸ 1:9–10)। **ਇਹ ਤੁਹਾਨੂੰ ਉਸ ਦੀ ਪਰਜਾ ਬਣਾਉਂਦਾ ਹੈ। ਅਤੇ ਇਹ ਸਾਰਾ ਕੁਝ ਪ੍ਰਮੇਸ਼ੁਰ ਹੀ ਹੈ, ਜੋ ਆਪਣੇ ਆਪ ਨੂੰ ਸਾਕਾਰ ਰੂਪ ਵਿੱਚ ਢਾਲ ਰਿਹਾ ਹੈ ਤਾਂਕਿ ਉਸਨੂੰ ਛੂਹਿਆ ਅਤੇ ਵੇਖਿਆ ਜਾ ਸਕੇ।** ਅਤੇ ਇਹ ਸੱਭ ਕੁਝ ਹੀ ਪ੍ਰਮੇਸ਼ੁਰ ਹੈ।

ਪ੍ਰਮੇਸ਼ੁਰ ਆਪ ਹੀ ਆਪਣਾ ਅਨੁਵਾਦਕ ਹੈ। ਉਸਨੂੰ ਕਿਸੇ ਦੀ ਲੋੜ ਨਹੀਂ ਕਿ ਉਸਦੇ ਲਈ ਅਨੁਵਾਦ ਕਰੇ। ਉਹ ਆਪਣਾ ਅਨੁਵਾਦ ਆਪ ਹੀ ਕਰਦਾ ਹੈ। ਮਨੁੱਖ ਕੌਣ ਹੈ ਜੋ ਪ੍ਰਮੇਸ਼ੁਰ ਦਾ ਅਨੁਵਾਦ ਕਰ ਸਕਦਾ ਹੈ? ਪ੍ਰਮੇਸ਼ੁਰ ਆਪ ਹੀ ਆਪਣਾ ਅਨੁਵਾਦਕ ਹੈ।

ਅਸੀਂ ਵੇਖਦੇ ਹਾਂ ਕਿ ਆਦਿ ਵਿਚ ਜਦ ਪ੍ਰਮੇਸ਼ੁਰ ਨੇ ਕਿਹਾ ਸੀ, "ਚਾਨਣ ਹੋ ਜਾਵੇ", ਅਤੇ ਉੱਥੇ ਚਾਨਣ ਹੋ ਗਿਆ, ਇਹੀ ਇਸ ਦਾ ਅਨੁਵਾਦ ਹੈ। **ਜਦੋਂ ਪ੍ਰਮੇਸ਼ੁਰ ਨੇ ਕੁਝ ਕਿਹਾ ਅਤੇ ਉਹ ਪ੍ਰਗਟ ਹੋ ਗਿਆ ਤਾਂ ਫਿਰ ਇਹ ਹੀ ਪ੍ਰਮੇਸ਼ੁਰ ਦਾ ਅਨੁਵਾਦ ਹੈ ਕਿ ਉਸਦਾ ਵਚਨ ਸਹੀ ਹੈ।** ਵੇਖਿਆ? ਜਦੋਂ ਉਸ ਨੇ ਕਿਹਾ, "ਚਾਨਣ ਹੋ ਜਾਵੇ", ਇਸ ਤੋਂ ਪਹਿਲਾਂ ਕਿ ਚਾਨਣ ਵਰਗੀ ਕੋਈ ਚੀਜ਼ ਹੁੰਦੀ ਇਹ ਪਹਿਲਾਂ ਹੀ ਉਸ ਦੇ ਵਿਚਾਰਾਂ ਵਿੱਚ ਸੀ। ਜਦੋਂ ਉਸ ਨੇ ਕਿਹਾ, "ਚਾਨਣ ਹੋ ਜਾਵੇ", ਚਾਨਣ ਅਕਾਸ਼ ਵਿੱਚ ਫੈਲ ਗਿਆ, ਇਹ ਹੀ ਉਸਦਾ ਅਨੁਵਾਦ ਸੀ (ਉਤਪਤ 1:3–5)। ਕਿਸੇ ਨੂੰ ਉਸਦਾ ਅਨੁਵਾਦ ਕਰਨ ਦੀ ਜਰੂਰਤ ਨਹੀਂ ਹੈ, **ਕਿਉਂਕਿ ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕਿਹਾ ਤਾਂ ਇਹ ਹੋ ਗਿਆ। ਜਦ ਪ੍ਰਮੇਸ਼ੁਰ ਬੋਲਦਾ ਹੈ ਤਾਂ ਇਹ ਪ੍ਰਗਟ ਹੋ ਜਾਂਦਾ ਹੈ, ਇਹ ਹੀ ਉਸ ਦੇ ਵਚਨ ਦਾ ਅਨੁਵਾਦ ਹੈ।** ਆਦਮੀ ਇਸ ਨੂੰ ਕਿਉਂ ਨਹੀਂ ਵੇਖ ਸੱਕਦੇ? ਲੋਕ ਇਸ ਨੂੰ ਕਿਉਂ ਨਹੀਂ ਵੇਖਦੇ?

ਜਦੋਂ ਪ੍ਰਮੇਸ਼ੁਰ ਇੱਕ ਵਾਅਦਾ ਕਰਦਾ ਹੈ ਅਤੇ ਕਹਿੰਦਾ ਹੈ... ਆਦ ਵਿੱਚ, ਉਤਪਤ ਵਿੱਚ, **ਉਸਨੇ ਹਰੇਕ ਯੁੱਗ ਲਈ ਆਪਣਾ ਵਚਨ ਨਿਰਧਾਰਿਤ ਕਰਕੇ ਵੰਡ ਦਿੱਤਾ, ਜਿਵੇਂ ਜਿਵੇਂ ਇਹ ਸ਼ੁਰੂਆਤ ਤੋਂ ਅੰਤ ਤੀਕ ਆਇਆ। ਅਤੇ ਇਹਨਾਂ ਸਾਰੇ ਯੁੱਗਾਂ ਦੇ ਦੌਰਾਨ ਸੰਸਾਰਿਕ ਕਲੀਸਿਯਾ ਨੇ ਇਸਨੂੰ ਰੀਤੀ-ਰਿਵਾਜਾਂ ਨਾਲ ਮਿਲਾ ਦਿੱਤਾ ਹੈ।** ਪੁਰਾਣੇ ਅਤੇ ਨਵੇਂ ਨੇਮ ਵਿੱਚ ਪ੍ਰਮੇਸ਼ੁਰ ਹਮੇਸ਼ਾ ਦ੍ਰਿਸ਼ ਤੇ ਆਪਣੇ ਨਬੀਆਂ ਨੂੰ ਭੇਜਦਾ ਰਿਹਾ ਹੈ। **ਅਤੇ ਪ੍ਰਮੇਸ਼ੁਰ ਦਾ ਵਚਨ ਨਬੀ ਕੋਲ ਆਉਂਦਾ ਹੈ** (ਅਮੋਸ 3:7, ਮੱਤੀ 23:34)। ਅਤੇ ਉਹ ਇੰਝ ਕਿਵੇਂ ਕਰਦਾ ਹੈ? ਇਹ **ਪ੍ਰਮੇਸ਼ੁਰ ਦੇ ਵਚਨ ਨੂੰ ਪ੍ਰਗਟ ਕਰਦਾ ਹੈ। ਪ੍ਰਮੇਸ਼ੁਰ ਦਾ ਪ੍ਰਗਟਾਵਾ, ਇਹ ਦੱਸਦਾ ਹੈ ਕਿ ਇਹ ਸਹੀ ਹੈ ਜਾਂ ਗਲਤ**। ਕਿਸੇ ਨੂੰ ਇਸਦਾ ਅਨੁਵਾਦ ਕਰਨ ਦੀ ਲੋੜ੍ਹ ਨਹੀਂ, ਵਚਨ ਆਪ ਹੀ ਆਪਣਾ ਅਨੁਵਾਦ ਕਰਦਾ ਹੈ। ਪ੍ਰਮੇਸ਼ੁਰ ਨੇ ਇਸਦਾ ਵਾਅਦਾ ਕੀਤਾ ਸੀ ਅਤੇ ਇਹ ਹੋ ਜਾਂਦਾ ਹੈ।

ਇਸਦੇ ਬਾਰੇ ਕੁਝ ਹੋਰ ਕਹਿਣ ਦਾ ਕੀ ਫਾਇਦਾ ਹੈ? ਫਿਰ ਇੱਕ ਪਾਪੀ ਮਨੁੱਖ ਕੌਣ ਹੈ ਜੋ ਇਹ ਕਹਿਣ ਦੀ ਕੋਸ਼ਿਸ਼ ਕਰੇ (ਜਦੋਂ ਪ੍ਰਮੇਸ਼ੁਰ ਇੱਕ ਵਾਅਦਾ ਕਰਦਾ ਹੈ ਅਤੇ ਇਸ ਨੂੰ ਪੂਰਾ ਕਰਦਾ ਹੈ) ਕਿ ਇਹ ਅਨੁਵਾਦ ਗਲਤ ਹੈ? ਇਹ ਪ੍ਰਮੇਸ਼ੁਰ

ਆਪ ਹੀ ਹੈ ਜੋ ਆਪਣਾ ਅਨੁਵਾਦ ਕਰ ਰਿਹਾ ਹੈ। **ਉਸ ਨੂੰ ਕਿਸੇ ਦੀ ਲੋੜ ਨਹੀਂ ਕਿ ਉਸਦਾ ਅਨੁਵਾਦ ਕਰੇ, ਉਸਨੇ ਜੋ ਕਰਨ ਦਾ ਵਾਅਦਾ ਕੀਤਾ ਸੀ ਉਹ ਪੂਰਾ ਕਰਕੇ ਆਪਣਾ ਅਨੁਵਾਦ ਕਰਦਾ ਹੈ।**

**ਓਹ, ਜੇਕਰ ਕਲੀਸਿਆ ਸਿਰਫ ਇਹ ਅਤੇ ਉਹਨਾਂ ਵਾਦਿਆਂ ਨੂੰ ਵੇਖ ਸਕਦੀ ਜੋ ਹਰੇਕ ਕਾਲ ਲਈ ਮੁਕੱਰਰ ਕੀਤੇ ਗਏ ਸਨ!** ਹਰੇਕ ਕਾਲ ਵਿੱਚ ਪ੍ਰਮੇਸ਼ੁਰ ਨੇ ਦ੍ਰਿਸ਼ ਤੇ ਭੇਜਿਆ ਹੈ (ਸੱਤ ਕਲੀਸਿਯਾਈ ਕਾਲਾਂ ਵਿੱਚ ਵੀ) ਅਤੇ ਉਹ ਸਭ ਕੁਝ ਉਸਨੇ ਪ੍ਰਗਟ ਕੀਤਾ ਹੈ ਜੋ ਉਸਨੇ ਕਰਨ ਦਾ ਵਾਅਦਾ ਕੀਤਾ ਸੀ। ਸਭ ਕੁਝ, ਇੱਕ ਵੀ ਚੀਜ਼ ਨਹੀਂ ਹੈ ਜੋ ਅਧੂਰੀ ਛੱਡੀ ਗਈ ਹੈ। ਜਿਵੇਂ ਉਸ ਨੇ ਕਿਹਾ ਸੀ ਕਿ ਮੈਂ ਕਰਾਂਗਾ, ਉਸਨੇ ਠੀਕ ਉਸੇ ਤਰ੍ਹਾਂ ਹੀ ਕਰ ਦਿੱਤਾ ਹੈ। [3]

ਇਸ ਅੱਜ ਦੇ ਸੰਸਾਰ ਦਾ ਦੇਵਤਾ, ਅੱਜ ਦੇ ਸੰਸਾਰ ਵਿੱਚ ਜਿਸ ਆਦਮੀ ਦੀ ਪੂਜਾ ਹੁੰਦੀ ਹੈ ਉਹ ਹੈ ਸ਼ੈਤਾਨ, ਅਤੇ ਲੋਕ ਅਣਜਾਣੇ ਵਿਚ ਸ਼ੈਤਾਨ ਦੀ ਪੂਜਾ ਕਰ ਰਹੇ ਹਨ (2ਥੱਸਲੁਨੀਕੀਆਂ 2:3–4)। **ਪਰ ਇਹ ਸ਼ੈਤਾਨ ਹੈ ਜਿਸਨੇ ਆਪਣੇ ਆਪ ਨੂੰ ਕਲੀਸਿਯਾ ਦਾ ਰੂਪ ਦਿੱਤਾ ਹੋਇਆ ਹੈ।** ਉਹ ਇਹ ਸੋਚ ਕੇ ਸ਼ੈਤਾਨ ਦੀ ਪੂਜਾ ਕਰਦੇ ਹਨ ਕਿ ਉਹ ਕਲੀਸਿਯਾ ਦੇ ਦੁਆਰਾ ਪ੍ਰਮੇਸ਼ੁਰ ਦੀ ਭਗਤੀ ਕਰਦੇ ਹਨ, ਪਰ ਸ਼ੈਤਾਨ ਨੇ ਇਸ ਢੰਗ ਨਾਲ ਇਹ ਕੀਤਾ ਹੋਇਆ ਹੈ (ਮਰਕੁਸ 7:7–13)।

ਓਹ, ਤੁਸੀਂ ਕਹੋਗੇ ਕਿ,"ਇੱਕ ਮਿੰਟ ਜ਼ਰਾ ਰੁਕੋ; ਅਸੀਂ ਤਾਂ ਵਚਨ ਦਾ ਪ੍ਰਚਾਰ ਕਰਦੇ ਹਾਂ।" ਮੇਰੇ ਅੱਜ ਰਾਤ ਦੇ ਵਿਸ਼ੇ ਵੱਲ ਧਿਆਨ ਦਿਓ। ਸ਼ੈਤਾਨ ਇੱਕ ਅਜਿਹਾ ਸੀ ਜਿਸ ਨੇ ਵਚਨ ਦਾ ਪ੍ਰਚਾਰ ਪਹਿਲਾਂ ਹੱਵਾਹ ਨੂੰ ਕੀਤਾ। "ਪ੍ਰਮੇਸ਼ੁਰ ਨੇ ਆਖਿਆ ਹੈ।" (ਉਤਪਤ 3:1–5)। ਇਹ **ਲਿਖਤ ਦੇ ਉਸ ਹਿੱਸੇ ਨੂੰ ਗਲਤ ਸਮਝਣਾ ਹੈ ਜੋ ਅੱਜ ਦੇ ਯੁੱਗ ਤੇ ਲਾਗੂ ਹੁੰਦਾ ਹੈ। ਉਹ ਤੁਹਾਨੂੰ ਇਸ ਗੱਲ ਦੀ ਜਾਣਕਾਰੀ ਦੇਵੇਗਾ ਕਿ ਯਿਸੂ ਨੇ ਜੋ ਕੀਤਾ, ਉਹ ਸੰਪੂਰਣ ਸੀ। ਉਹ ਤੁਹਾਨੂੰ ਇਸ ਗੱਲ ਦੀ ਜਾਣਕਾਰੀ ਦੇਵੇਗਾ ਕਿ ਮੂਸਾ ਨੇ ਜੋ ਕੀਤਾ, ਉਹ ਸੰਪੂਰਣ ਸੀ। ਪਰ ਜਦੋਂ ਤੁਸੀਂ ਇਨ੍ਹਾਂ ਦਿਨਾਂ ਵਾਸਤੇ ਉਸ ਦੇ ਦਿੱਤੇ ਹੋਏ ਵਾਇਦੇ ਸਵੀਕਾਰ ਕਰਦੇ ਹੋ, ਤਾਂ ਉਹ ਕਹਿੰਦਾ ਹੈ ਕਿ ਇਹ ਹੋਰ ਯੁੱਗ ਵਾਸਤੇ ਹਨ। ਸਿਰਫ ਇਹ ਹੀ ਉਹ ਚੀਜ਼ ਹੈ ਜੋ ਉਸ ਨੇ ਕਰਨੀ ਹੈ; ਕਿ ਲੋਕ ਇਸ ਤਰ੍ਹਾਂ ਨਾਲ ਵਿਸ਼ਵਾਸ ਕਰਨ, ਇਹ ਹੀ ਸਭ ਕੁਝ ਹੈ।** ਕਿਉਂਕਿ ਤੁਸੀਂ ਇਸ ਵਿੱਚੋਂ ਇੱਕ ਵੀ ਸ਼ਬਦ ਨਾ ਘਟਾ ਸਕਦੇ ਹੋ, ਨਾ ਵਧਾ ਸਕਦੇ ਹੋ, ਪਰ ਉਹ ਇਹੋ ਕੁਝ ਕਰਦਾ ਹੈ।

ਅੱਜ ਦੀ ਕਲੀਸਿਯਾ ਦੀ ਧੋਖੇਬਾਜ਼ੀ... ਸਮਝ ਗਏ, ਵਿਨਾਸ਼ ਦਾ ਪੁੱਤਰ–ਸ਼ੈਤਾਨ। ਬਰਬਾਦੀ ਦਾ ਪੁੱਤਰ–ਸ਼ੈਤਾਨ। ਤੇ ਲੋਕੀ ਸ਼ੈਤਾਨ ਨੂੰ ਪੂਜਦੇ ਹਨ ਤੇ ਸੋਚਦੇ ਹਨ ਕਿ ਉਹ ਪ੍ਰਮੇਸ਼ੁਰ ਦੀ ਪੂਜਾ ਕਰਦੇ ਹਨ। **ਪਰ ਉਹ ਧਰਮ–ਪੰਥਾਂ ਦੁਆਰਾ ਸ਼ੈਤਾਨ ਦੀ ਪੂਜਾ ਕਰਦੇ ਹਨ, ਆਦਮੀ ਦੇ ਦੁਆਰਾ ਬਣਾਏ ਗਏ ਮੱਤਾਂ ਨੇ ਲੋਕਾਂ ਨੂੰ ਬਹੁਤ ਵੱਡੇ ਧੋਖੇ ਵਿੱਚ, ਜਿਹੜਾ ਕਿ ਸੰਸਾਰ ਨੇ ਕਦੇ ਜਾਣਿਆ ਹੋਵੇ, ਲਿਆਂਦਾ ਹੈ। ਇਸ ਵੇਲੇ ਲਈ ਪ੍ਰਮੇਸ਼ੁਰ ਦਾ ਵਾਅਦਾ ਕੀਤਾ ਹੋਇਆ ਵਚਨ ਚਾਹੇ ਜਿੰਨਾ ਵੀ ਪ੍ਰਚਾਰ ਕੀਤਾ ਜਾਵੇ ਜਾਂ ਸਹੀ ਸਾਬਤ ਕੀਤਾ ਜਾਵੇ, ਉਹ ਫਿਰ ਵੀ ਯਕੀਨ ਨਹੀਂ ਕਰਨਗੇ। ਉਹ ਇਸ ਤੇ ਵਿਸ਼ਵਾਸ ਨਹੀਂ ਕਰਨਗੇ।**

ਫਿਰ ਕਿਉਂ? ਅਸੀਂ ਹੈਰਾਨ ਹਾਂ ਕਿ ਕਿਉਂ? ਇਹ ਕਿਉਂ ਨਹੀਂ... ਉਹ ਇਸ ਤੇ ਯਕੀਨ ਕਿਉਂ ਨਹੀਂ ਕਰਨਗੇ? ਜਦ ਪ੍ਰਮੇਸ਼ੁਰ ਨੇ ਕਿਹਾ ਹੈ ਕਿ ਉਹ ਯਕੀਨੀ ਤੌਰ ਤੇ ਕੁਝ ਕਰੇਗਾ ਅਤੇ ਉਹ ਕਰਦਾ ਹੈ; ਤੇ ਫਿਰ ਵੀ ਉਹ ਇਸ ਵੱਲ ਆਪਣੀ ਪਿੱਠ ਕਰਦੇ ਹਨ ਤੇ ਇਸ ਤੋਂ ਦੂਰ ਚਲੇ ਜਾਂਦੇ ਹਨ। ਜਿਵੇਂ ਹੱਵਾਹ ਨੂੰ ਪਤਾ ਸੀ ਕਿ ਪ੍ਰਮੇਸ਼ੁਰ ਨੇ ਜੋ ਆਖਿਆ ਹੈ, ਪ੍ਰਮੇਸ਼ੁਰ ਉਸ ਨੂੰ ਪੂਰਾ ਕਰੇਗਾ; **ਪਰ ਉਸ ਨੇ ਜੋ ਸ਼ੈਤਾਨ ਕਹਿੰਦਾ ਸੀ, ਉਸ ਨੂੰ ਸੁਣਨ ਵਾਸਤੇ ਪ੍ਰਮੇਸ਼ੁਰ ਵੱਲ ਆਪਣੀ ਪਿੱਠ ਕਰ ਲਈ।** ਇਹ ਯਾਦ ਰੱਖੋ ਕਿ, ਹੋਰ ਸਮਿਆਂ ਵਿੱਚ ਵੀ ਹਮੇਸ਼ਾ ਇਵੇਂ ਹੀ ਹੋਇਆ ਹੈ। ਹਰ ਯੁੱਗ ਵਿੱਚ **ਸ਼ੈਤਾਨ ਹਮੇਸ਼ਾ ਵਚਨ ਨੂੰ ਵਿਗਾੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਨ੍ਹਾਂ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਇਹ ਕਿਸੇ ਹੋਰ ਯੁੱਗ ਵਾਸਤੇ ਹੈ।**

ਹੁਣ ਸ਼ੈਤਾਨ ਨੇ ਅਦਨ ਦੇ ਬਾਗ ਵਿੱਚ ਧਰਮ ਦੇ ਧੋਖੇ ਦੁਆਰਾ ਇਸਨੂੰ ਸ਼ੁਰੂ ਕੀਤਾ ਤੇ ਉਸ ਵੇਲੇ ਤੋਂ ਲੈ ਕੇ ਹੁਣ ਤੱਕ ਉਹ ਉਸੇ ਤਰ੍ਹਾਂ ਹੀ ਕਰਦਾ ਆ ਰਿਹਾ ਹੈ। ਕਮਿਊਨਿਸਟਾਂ ਦੇ ਝੁੰਡ ਨੂੰ ਸਥਾਪਿਤ ਕਰਕੇ ਨਹੀਂ....ਅਦਨ ਬਾਗ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ, ਇਹ ਧਰਮ ਦਾ ਧੋਖਾ ਹੀ ਰਿਹਾ ਹੈ।

ਆਦਮ ਦੇ ਵੇਲੇ, ਇਹ ਧੋਖਾ ਸੀ। ਨੂਹ ਦੇ ਵੇਲੇ, ਇਹ ਧੋਖਾ ਸੀ। ਯਿਸੂ ਦੇ ਵੇਲੇ ਵੀ ਬਿਲਕੁਲ ਇਵੇਂ ਹੀ ਸੀ। ਤੇ ਹੁਣ ਵੀ ਬਿਲਕੁਲ ਉਸੇ ਤਰ੍ਹਾਂ ਹੀ ਹੈ! ਬਿਲਕੁਲ ਉਹੋ ਹੀ ਢੰਗ, **ਧਰਮ ਦੇ ਨਾਮ ਤੇ ਧੋਖਾ**। [4]

ਹੁਣ ਵਚਨ ਵੱਲ ਪਰਤੋ, **ਦੇਖੋ ਵਚਨ ਤੁਹਾਡੇ ਅੱਜ ਦੇ ਦਿਨ ਵਾਸਤੇ ਕੀ ਵਾਅਦਾ ਲਿਆਉਂਦਾ ਹੈ,** ਵੇਖੋ ਕਿ ਅੱਜ ਦੇ ਦਿਨ ਦੀ ਰੋਸ਼ਨੀ ਕਿਸ ਤਰ੍ਹਾਂ ਦੀ ਹੋਵੇਗੀ। ਹੇ ਕਲੀਸਿਯਾ, ਵਚਨ ਵੱਲ ਮੁੜੋ; ਵਚਨ ਵਿੱਚ ਵਾਪਸ ਮੁੜ ਆਓ; ਸਹੀ ਬਟਨ ਨੂੰ ਦਬਾਓ; ਆਦਮੀ ਦੀਆਂ ਬਣਾਈਆਂ ਹੋਈਆਂ ਨਕਲੀ ਬੱਤੀਆਂ ਦੇ ਨਾਲ ਖੇਲਣਾ ਬੰਦ ਕਰ ਦਿਓ। **ਉਸ ਦੇ ਵਚਨ ਵੱਲ ਮੁੜੋ ਅਤੇ ਅੱਜ ਦੇ ਦਿਨ ਦਾ ਵਾਅਦਾ ਲੱਭੋ। ਫਿਰ ਦੇਖੋ ਕਿ ਕਰਾਰ ਕੀ ਹੈ ਅਤੇ ਉਸ ਦੀ ਪਛਾਣ ਵਾਸਤੇ ਚੁਕੰਨੇ ਰਹੋ।** ਜਿਸ ਵੇਲੇ ਇਹ ਸਹੀ ਸਾਬਤ ਹੁੰਦਾ ਹੈ ਤਾਂ ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਰੋਸ਼ਨੀ ਵਿੱਚ ਹੋ ਜਾਂ ਨਹੀਂ। ਦੇਖੋ ਕਿ ਵਾਅਦਾ ਕੀ ਹੈ।

**ਮੇਰੇ ਲਈ, ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਅੱਜ ਦੇ ਦਿਨ ਵਾਸਤੇ ਕੀ ਵਾਇਦਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਅੱਜ ਦੇ ਸਮੇਂ ਦੀ ਕਿਹੜੀ ਰੋਸ਼ਨੀ ਹੈ,** ਤਾਂ ਜੋ ਮੈਂ ਜਾਣ ਸਕਾਂ ਕਿ ਮੈਂ ਉਸ ਵਿੱਚ ਕਿਵੇਂ ਤੁਰਨਾ ਹੈ। **ਮੈਂ ਜਾਣਨਾ ਚਾਹੁੰਦਾ ਹਾਂ ਕਿ ਮੈਂ ਕਿਹੜੇ ਸਮੇਂ ਵਿੱਚ ਰਹਿ ਰਿਹਾ ਹਾਂ, ਮੈਂ ਕਿਹੜੇ ਯੁੱਗ ਵਿੱਚ ਹਾਂ, ਅਤੇ ਮੈਂ ਸੜਕ ਦੇ ਕਿੱਡੀ ਕੁ ਦੂਰ ਪਹੁੰਚ ਗਿਆ ਹਾਂ?**

ਜਿਵੇਂ ਪੌਲੁਸ ਨੇ ਕਿਹਾ ਹੈ,"ਉਨ੍ਹਾਂ ਚੀਜ਼ਾਂ ਨੂੰ ਭੁੱਲ ਕੇ ਜਿਹੜੀਆਂ ਬੀਤ ਗਈਆਂ ਹਨ, ਹੁਣ ਮੈਂ ਨਿਸ਼ਾਨੇ ਵੱਲ, ਜਿਹੜਾ ਕਿ ਉੱਤਮ ਬੁਲਾਵਾ ਹੈ, ਵਧਣ ਦੀ ਕੋਸ਼ਿਸ਼ ਕਰ ਰਿਹਾ ਹਾਂ" (ਫ਼ਿਲਿੱਪੀਆਂ 3:13-14)। ਪੂਰੀ ਪਛਾਣ ਵੱਲ, **ਜਦ ਯਿਸੂ ਆਵੇਗਾ,** ਤਾਂ ਸਾਰਾ ਸਮਾਂ ਸਦਾ ਸਦਾ ਰਹਿਣ ਵਾਲੀ ਅਨੰਤਤਾ ਵਿੱਚ ਮਿਲ ਜਾਵੇਗਾ। [5]

**ਜੇ ਅਸੀਂ ਪ੍ਰਮੇਸ਼ੁਰ ਦੇ ਵਚਨ ਨੂੰ ਜਾਣਦੇ ਹਾਂ, ਤਾਂ ਅਸੀਂ ਜਾਣਦੇ ਹਾਂ ਕਿ ਅਸੀਂ ਕਿੱਥੇ ਰਹਿ ਰਹੇ ਹਾਂ। ਅਸੀਂ ਜਾਣਦੇ ਹਾਂ ਕਿ ਅਸੀਂ ਕਿਸ ਸਮੇਂ ਵਿੱਚ ਰਹਿ ਰਹੇ ਹਾਂ। ਸਾਨੂੰ ਪਤਾ ਹੈ ਕਿ ਅੱਗੇ ਕੀ ਹੈ। ਅਸੀਂ ਜਾਣਦੇ ਹਾਂ ਕਿ ਅਸੀਂ ਕਿਸ ਵਿੱਚੋਂ ਦੀ ਗੁਜ਼ਰ ਚੁੱਕੇ ਹਾਂ।** ਅਤੇ ਪ੍ਰਮੇਸ਼ੁਰ ਦੀ ਪੁਸਤਕ, ਯਿਸੂ ਮਸੀਹ ਦਾ ਪ੍ਰਕਾਸ਼ਨ ਹੈ। ਯੁੱਗਾਂ ਦੇ ਦੌਰਾਨ ਉਸ ਦੇ ਕੰਮ ਪ੍ਰਕਾਸ਼ ਦੀ ਪੋਥੀ ਤੱਕ ਸਨ, ਅਤੇ ਫਿਰ ਉਸ ਦੇ ਵਾਅਦੇ ਜੋ ਪੂਰੇ ਹੋਣੇ ਹਨ। ਇਸ ਲਈ **ਉਸ ਦੇ ਸਾਰੇ ਵਾਅਦੇ ਸੱਚੇ ਹਨ।** ਪ੍ਰਮੇਸ਼ੁਰ ਕਿਸੇ ਵੀ ਸ਼ਬਦ ਦੀ ਪੁਸ਼ਟੀ ਕੀਤੇ ਬਗੈਰ ਨਹੀਂ ਬੋਲਦਾ ਹੈ। **ਹਰ ਇੱਕ ਸ਼ਬਦ ਜੋ ਉਹ ਬੋਲਦਾ ਹੈ, ਉਹ ਪੂਰਾ ਹੋਣਾ ਹੁੰਦਾ ਹੈ।** [6]

<u>ਹਵਾਲੇ</u>


[1] "ਯਿਸੂ ਵੱਲ ਤੱਕੋ" (63-1229), ਪੈਰ੍ਹਾ 27[2] "ਵਿਰੋਧ ਦਾ ਬੀਜ" ( 65-0118) ਪੈਰ੍ਹਾ 21-25

[3] "ਪ੍ਰਮੇਸ਼ੁਰ ਆਪਣਾ ਅਨੁਵਾਦਕ ਆਪ ਹੈ। ( 64-0205) ਪੈਰ੍ਹਾ 9-18

[4] "ਸ਼ੈਤਾਨ ਦਾ ਅਦਨ" ( 65-0821) ਸਫਾ 5-6,7

[5] "ਸ਼ਲੋਮ" ( 64-0112) ਪੈਰ੍ਹਾ 137-143

[6] "ਘਟਨਾਵਾਂ ਜਿਹੜੀਆਂ ਹੋਣ ਵਾਲੀਆਂ ਹਨ (65-1205) ਪੈਰ੍ਹਾ 26